# **ਪ੍ਰੈਸ ਨੋਟ**

## **ਨਸ਼ਾ ਤਸਕਰੀ ਨੂੰ ਨੱਥ ਪਾਉਣ ਵਿੱਚ ਜਗਰਾਉ ਪੁਲਿਸ ਨੂੰ ਮਿਲੀ ਭਾਰੀ ਸਫਲਤਾ**

ਸ੍ਰੀ ਰਾਜਬਚਨ ਸਿੰਘ ਸੰਧੂ, ਪੀ.ਪੀ.ਐਸ,ਐਸ.ਐਸ.ਪੀ,ਲੁਧਿ:(ਦਿਹਾਤੀ) ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਪੁਲਿਸ ਜਿਲ੍ਹਾ ਲੁਧਿ:(ਦਿਹਾਤੀ) ਨੂੰ ਨਸ਼ਾਂ ਮੁਕਤ ਅਤੇ ਕਰਾਇਮ ਮੁਕਤ ਕਰਨ ਲਈ ਆਰੰਭ ਕੀਤੀ ਗਈ ਵਿਸ਼ੇਸ਼ ਮੁਹਿੰਮ ਦੌਰਾਨ ਸ੍ਰੀਮਤੀ ਗੁਰਮੀਤ ਕੌਰ,ਪੀ.ਪੀ.ਐਸ,ਐਸ.ਪੀ(ਓਪਰੇਸ਼ਨ), ਲੁਧਿ: (ਦਿਹਾਤੀ) ਵਾਧੂ ਚਾਰਜ ਐਸ.ਪੀ(ਡੀ),ਲੁਧਿ:(ਦਿਹਾਤੀ) ਅਤੇ ਸ੍ਰੀ ਅਨਿਲ ਕੁਮਾਰ ਭਨੋਟ(ਡੀ),ਲੁਧਿ:(ਦਿ) ਦੇ ਦਿਸ਼ਾ ਨਿਰਦੇਸ਼ਾ ਤੇ ਇੰਸਪੈਕਟਰ ਪ੍ਰੇਮ ਸਿੰਘ ਇੰਚਾਰਜ ਸੀ.ਆਈ.ਏ ਸਟਾਫ ਦੀ ਪੁਲਿਸ ਪਾਰਟੀ ਦੇ ਏ.ਐਸ.ਆਈ ਸਿਕੰਦਰ ਸਿੰਘ, ਸੀ.ਆਈ.ਏ ਸਟਾਫ ਜਗਰਾਂਉ ਬਰਾਏ ਗਸ਼ਤ ਅਤੇ ਚੈਕਿੰਗ ਸ਼ੱਕੀ ਪੁਰਸ਼ਾ ਦੇ ਪੁਲ ਸੂਆ ਪਿੰਡ ਮਲਕ ਮੌਜੂਦ ਸੀ ਤਾਂ ਮੁਖਬਰ ਨੇ ਇਤਲਾਹ ਦਿੱਤੀ ਕਿ ਜੋਗਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਵਾਰਡ ਨੰਬਰ-5 ਬਲੋਚਾਂ ਬਸਤੀ, ਥਾਣਾ ਸਿਟੀ ਫਿਰੋਜਪੁਰ ਭਾਰੀ ਮਾਤਰਾ ਵਿੱਚ ਅਫੀਮ ਵੇਚਣ ਦਾ ਧੰਦਾ ਕਰਦਾ ਹੈ,ਜੋ ਅੱਜ ਵੀ ਆਪਣੀ ਐਕਟਿਵਾ ਨੰਬਰ ਪੀ.ਬੀ-05ਏ.ਡੀ-4791 ਰੰਗ ਕਾਲਾ ਪਰ ਸਵਾਰ ਹੋ ਕੇ ਪਿੰਡ ਬੁਜਰਗ, ਚੀਮਨਾਂ ਅਤੇ ਮਲਕ ਹੁੰਦੇ ਹੋਏ ਜਗਰਾਂਉ ਸਾਈਡ ਨੂੰ ਅਫੀਮ ਵੇਚਣ ਲਈ ਆ ਰਿਹਾ ਹੈ।ਇਤਲਾਹ ਸੱਚੀ ਤੇ ਭਰੋਸੇਯੋਗ ਹੋਣ ਕਰਕੇ ਦੋਸ਼ੀ ਜੋਗਿੰਦਰ ਸਿੰਘ ਉਕਤ ਵਿਰੁੱਧ ਮੁਕੱਦਮਾਂ ਨੰਬਰ 180 ਮਿਤੀ 02.12.2021 ਅ/ਧ 18/25/61/85 ਐਨ.ਡੀ.ਪੀ. ਐਸ ਐਕਟ ਥਾਣਾ ਸਦਰ ਜਗਰਾਂਉ ਦਰਜ ਰਜਿਸਟਰ ਕੀਤਾ ਗਿਆ।ਏ.ਐਸ.ਆਈ ਪਹਾੜਾ ਸਿੰਘ ਵੱਲੋਂ ਸਮੇਤ ਪੁਲਿਸ ਪਾਰਟੀ ਦੇ ਮੌਕਾ ਤੇ ਪੁੱਜਕੇ ਪੁਲ ਸੂਆ ਪਿੰਡ ਮਲਕ ਨਾਕਾਬੰਦੀ ਕੀਤੀ ਗਈ। ਦੌਰਾਨੇ ਨਾਕਾਬੰਦੀ ਪਿੰਡ ਮਲਕ ਸਾਈਡ ਤੋਂ ਇੱਕ ਐਕਟਿਵਾ ਨੰਬਰ ਪੀ.ਬੀ-05ਏ.ਡੀ-4791 ਆ ਰਹੀ ਸੀ।ਜਿਸਦੇ ਚਾਲਕ ਨੂੰ ਰੋਕ ਕੇ ਨਾਮ ਪਤਾ ਪੁੱਛਿਆ ਤਾਂ ਉਸਨੇ ਆਪਣਾ ਨਾਮ ਜੋਗਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਵਾਰਡ ਨੰਬਰ-5 ਬਲੋਚਾਂ ਬਸਤੀ ਫਿਰੋਜਪੁਰ ਦੱਸਿਆ।ਐਕਟਿਵਾ ਦੀ ਤਲਾਸ਼ੀ ਕਰਨ ਤੇ ਡਿੱਗੀ ਵਿੱਚੋਂ ਕਾਲੇ ਰੰਗ ਦੇ ਲਿਫਾਫੇ ਵਿੱਚ ਅਫੀਮ ਬਰਾਮਦ ਹੋਈ।ਜਿਸਦਾ ਵਜਨ ਕਰਨ ਤੇ ਕੁੱਲ **01 ਕਿਲੋ ਗ੍ਰਾਮ ਅਫੀਮ** ਹੋਈ।ਜਿਸਤੇ ਦੋਸ਼ੀ ਜੋਗਿੰਦਰ ਸਿੰਘ ਉੱਕਤ ਨੂੰ ਮੁਕੱਦਮਾਂ ਹਜਾ ਵਿੱਚ ਗ੍ਰਿਫਤਾਰ ਕੀਤਾ ਗਿਆ।

2. ਇਸੇ ਤਰਾਂ ਏ.ਐਸ.ਆਈ ਰਣਧੀਰ ਸਿੰਘ ਸੀ.ਆਈ.ਏ ਸਟਾਫ ਜਗਰਾਂਉ ਸਮੇਤ ਪੁਲਿਸ ਪਾਰਟੀ ਦੇ ਬਰਾਏ ਗਸ਼ਤ ਅਤੇ ਚੈਕਿੰਗ ਸ਼ੱਕੀ ਪੁਰਸ਼ਾ ਦੇ ਪੁਲ ਨਹਿਰ ਡਾਂਗੀਆਂ ਮੌਜੂਦ ਸੀ ਤਾਂ ਮੁਖਬਰ ਨੇ ਇਤਲਾਹ ਦਿੱਤੀ ਕਿ ਜਗਰੂਪ ਸਿੰਘ ਉਰਫ ਜੂਪਾ ਪੁੱਤਰ ਬੰਤ ਸਿੰਘ ਵਾਸੀ ਰਸੂਲਪੁਰ ਥਾਣਾ ਹਠੂਰ ਭੁੱਕੀ ਚੂਰਾ ਪੋਸਤ ਅਤੇ ਅਫੀਮ ਵੇਚਣ ਦਾ ਧੰਦਾ ਕਰਦਾ ਹੈ।ਜੋ ਅੱਜ ਵੀ ਆਪਣੇ ਟਰੱਕ ਘੋੜਾ ਨੰਬਰ ਪੀ.ਬੀ-10-ਈ. ਐਸ 1091 ਪਰ ਸਵਾਰ ਹੋ ਕੇ ਨਾਨਕਸਰ ਤੋ ਆਪਣੇ ਪਿੰਡ ਰਸੂਲਪੁਰ ਨੂੰ ਆ ਰਿਹਾ ਹੈ।ਜਿਸਤੇ ਦੋਸ਼ੀ ਜਗਰੂਪ ਸਿੰਘ ਉਰਫ ਜੂਪਾ ਵਿਰੁੱਧ ਮੁਕੱਦਮਾਂ ਨੰਬਰ 179 ਮਿਤੀ 02.12.2021 ਅ/ਧ 15/18/25/61/85 ਐਨ.ਡੀ.ਪੀ.ਐਸ ਐਕਟ ਥਾਣਾ ਸਦਰ ਜਗਰਾਂਉ ਦਰਜ ਰਜਿਸਟਰ ਕੀਤਾ ਗਿਆ। ਐਸ.ਆਈ ਚਮਕੌਰ ਸਿੰਘ ਵੱਲੋ ਸਮੇਤ ਪੁਲਿਸ ਪਾਰਟੀ ਦੇ ਮੌਕਾ ਤੇ ਪੁੱਜਕੇ ਨਾਕਾਬੰਦੀ ਕੀਤੀ।ਦੌਰਾਨੇ ਨਾਕਾਬੰਦੀ ਉੱਕਤ ਟਰੱਕ ਨੰਬਰ ਪੀ.ਬੀ-10-ਈ.ਐਸ-1091 ਜੋ ਨਾਨਕਸਰ ਸਾਈਡ ਤੋ ਆ ਰਿਹਾ ਸੀ, ਨੂੰ ਰੋਕ ਕੇ ਡਰਾਇਵਰ ਦਾ ਨਾਮ ਪਤਾ ਪੁੱਛਣ ਤੇ ਉਸਨੇ ਆਪਣਾ ਨਾਮ ਜਗਰੂਪ ਸਿੰਘ ਉਰਫ ਜੂਪਾ ਵਾਸੀ ਰਸੂਲਪੁਰ ਦੱਸਿਆ।ਟਰੱਕ ਦੀ ਤਲਾਸੀ ਕਰਨ ਤੇ ਡਰਾਈਵਰ ਸੀਟ ਦੇ ਪਿਛਲੇ ਪਾਸੇ ਗੱਟੂ ਵਿੱਚ 18 ਕਿਲੋ ਭੁੱਕੀ ਚੂਰਾ ਪੋਸਤ ਬਰਾਮਦ ਹੋਇਆ ਅਤੇ ਟਰੱਕ ਦੇ ਕੈਬਨ ਵਿੱਚੋਂ ਲਿਫਾਫੇ ਵਿੱਚ **ਅੱਧਾ ਕਿਲੋ ਅਫੀਮ** ਬਰਾਮਦ ਹੋਈ।ਜਿਸਤੇ ਦੋਸ਼ੀ ਜਗਰੂਪ ਸਿੰਘ ਉਰਫ ਜੂਪਾ ਨੂੰ ਮੁਕੱਦਮਾਂ ਹਜਾ ਵਿੱਚ ਗ੍ਰਿਫਤਾਰ ਕੀਤਾ ਗਿਆ।

ਗ੍ਰਿਫਤਾਰ ਦੋਸ਼ੀਆਂ ਦਾ ਪੁਲਿਸ ਰਿਮਾਂਡ ਹਾਸਿਲ ਕਰਕੇ ਡੂੰਘਾਈ ਨਾਲ ਹੋਰ ਪੁੱਛ-ਗਿੱਛ ਕੀਤੀ ਜਾਵੇਗੀ।ਜਿਸ ਪਾਸੋਂ ਹੋਰ ਵੀ ਵੱਡੇ ਖੁਲਾਸੇ ਹੋਣ ਦੀ ਸੰਭਾਵਨਾ ਹੈ।ਉੱਕਤ ਦੋਸ਼ੀ ਵਿਰੁੱਧ ਪਹਿਲਾਂ ਵੀ ਹੇਠ ਲਿਖੇ ਮੁਕੱਦਮੇ ਦਰਜ ਹਨ :-

1.ਮੁਕੱਦਮਾ ਨੰਬਰ 183/2014 ਅ/ਧ 18/61/85 ਐਨ.ਡੀ.ਪੀ.ਐਸ ਥਾਣਾ ਫੋਕਲ ਪੁਆਇੰਟ ਲੁਧਿਆਣਾ।
2.ਮੁਕੱਦਮਾ ਨੰਬਰ 263 ਮਿਤੀ 08.11.2017 ਅ/ਧ 15/61/85 ਐਨ.ਡੀ.ਪੀ.ਐਸ ਥਾਣਾ ਹਠੂਰ।

**ਕੁੱਲ ਬਰਾਮਦਗੀ :-** **01 ਕਿਲੋ 500 ਗ੍ਰਾਮ ਅਫੀਮ ।**
**18 ਕਿਲੋ ਗ੍ਰਾਮ ਭੁੱਕੀ ਚੂਰਾ ਪੋਸਤ,**
**01 ਟਰੱਕ(ਘੋੜਾ) ਨੰਬਰ ਪੀ.ਬੀ-10-ਈ.ਐਸ-1091**
**01 ਐਕਟਿਵਾ ਨੰਬਰ ਪੀ.ਬੀ-05-ਏ.ਡੀ-4791.**

////////